**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਚੰਡੀਗੜ੍ਹ ।**

**(ਸੇਵਾਵਾ–1 ਸਾਖਾ)**

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਮੰਡਲ/
ਜਿਲ੍ਹਾ ਸਿੱਖਿਆ ਅਫਸਰ (ਸੈ:ਸਿ)

ਮੀਮੋ ਨੰ: 3/38–11ਸੇ1(4)
ਮਿਤੀ ਚੰਡੀਗੜ੍ਹ: 01.04.2011

ਵਿਸਾ:– ਪੀ.ਈ.ਐਸ (ਸਕੂਲ ਤੇ ਇੰਨਸਪੈਕਸਨ) ਗਰੁੱਪ "ਏ" ਵਿੱਚ ਤਰੱਕੀਆਂ ਕਰਨ ਲਈ ਨਾ ਉਪਲੱਭਦ ਹੋ ਰਹੇ ਲੈਕਚਰਾਰਾਂ ਬਾਰੇ ਸੂਚਨਾ ਦੇਣ ਬਾਰੇ।

ਹਵਾਲਾ: ਉਪਰੋਕਤ ਵਿਸੇ ਤੇ ਇਸ ਡਾਇਰੈਕੋਟੇਰਟ ਦੇ ਪੱਤਰ ਨੰਬਰ 3/38–11 ਸੇ1(4) ਮਿਤੀ 28.03.2011 ਦੀ ਲਗਾਤਾਰਤਾ ਵਿੱਚ।

ਪੀ.ਈ.ਐਸ. (ਸਕੂਲ ਤੇ ਇਨਸਪੈਕਸਨ) ਗਰੁਪ "ਏ" ਵਿੱਚ ਤਰੱਕੀਆਂ ਕਰਨ ਲਈ ਉਪਰੋਕਤ ਹਵਾਲਾ ਅਧੀਨ ਪੱਤਰ ਰਾਹੀਂ ਲੈਕਚਰਾਰ ਕਾਡਰ (ਪੁਰਸ /ਇਸਤਰੀਆਂ) ਦੇ ਸੀਨੀਆਰਤਾ ਨੰਬਰਾਂ ਸਮੇਤ ਸੂਚੀਆਂ ਆਪ ਨੂੰ ਭੇਜ ਕੇ ਲਿਖਿਆ ਗਿਆ ਸੀ ਕਿ ਇਨ੍ਹਾਂ ਲੈਕਚਰਾਰਾਂ ਬਾਰੇ ਸਵੈ–ਸਪੱਸਟ ਰਿਪੋਰਟ ਡਾਇਰੈਕਟੋਰੇਟ ਨੂੰ ਭੇਜੀ ਜਾਵੇ। ਪਰ ਹਾਲੇ ਵੀ ਇਨ੍ਹਾਂ ਲੈਕਚਰਾਰਾਂ ਵਿਚੋ ਕਈਆਂ ਬਾਰੇ ਸੂਚਨਾ ਉਪਲੱਬਧ ਨਹੀਂ ਹੋਈ, ਜਿਸ ਤੋਂ ਪ੍ਰਤੀਤ ਹੁੰਦਾ ਹੈ, ਕਿ ਇਹ ਲੈਕਚਰਾਰ ਇਸ ਸਮੇਂ ਵਿਭਾਗ ਵਿੱਚ ਕੰਮ ਨਾਂ ਕਰਦੇ ਹੋਣ। ਇਸ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਹ ਅਣ–ਉਪਲਬਧ ਲੈਕਚਰਾਰਾਂ ਸਬੰਧੀ ਸੂਚਨਾ ਦੇ ਵੇਰਵੇ ਵਿੱਚ ਇਹ ਸਪਸਟ ਕੀਤਾ ਜਾਵੇ ਕਿ ਕਰਮਚਾਰੀ ਕਿਸ ਸਕੂਲ/ਸੰਸਥਾ ਵਿੱਚ ਇਸ ਸਮੇਂ ਕੰਮ ਕਰ ਰਿਹਾ ਹੈ। ਜੇਕਰ ਕੰਮ ਕਰ ਰਿਹਾ ਹੈ ਤਾਂ ਉਸਦਾ ਪ੍ਰਿੰਸੀਪਲ ਦੀ ਪਦ–ਉਨੱਤੀ ਲਈ ਮੁਕੰਮਲ ਕੇਸ ਨਿੱਜੀ ਪੱਧਰ ਤੇ ਇਸ ਦਫਤਰ ਨੂੰ ਤੁਰੰਤ ਪੁਜੱਦਾ ਕੀਤਾ ਜਾਵੇ। ਕਰਮਚਾਰੀ ਉਪਲੱਬਧ ਨਾ ਹੋਣ ਦੀ ਸੂਰਤ ਵਿੱਚ ਸਮੂਹ ਡੀ.ਡੀ.ਓਜ. ਸਰਟੀਫਾਈ ਕਰਨਗੇ ਕਿ ਸੂਚੀ ਵਿੱਚ ਦਰਜ ਲੈਕਚਰਾਰ ਪਿਛਲੇ 6 ਸਾਲਾਂ ਤੋਂ ਏ ਰੋਲ ਤੇ ਨਹੀਂ ਹਨ ਅਤੇ ਇਹਨਾਂ ਦੀ ਪਿਛਲੇ ਛੇ ਸਾਲਾਂ ਤੋਂ ਉਹਨਾਂ ਦੇ ਸਕੂਲ/ਸੰਸਥਾ ਵਲੋਂ ਤਨਖਾਹ ਡਰਾਅ ਨਹੀਂ ਹੋਈ। ਇਹ ਸੂਚਨਾ ਸਰਕਾਰੀ ਇੰਨ ਸਰਵਿਸ ਟ੍ਰੇਨਿੰਗ ਸੈਂਟਰਾਂ, ਡਾਇਟਸ ਅਤੇ ਜਿਲ੍ਹੇ ਵਿੱਚ ਹੋਰ ਸਬੰਧਤ ਸੰਸਥਾਂ ਤੋਂ ਵੀ ਇਕੱਤਰ ਕੀਤੀ ਜਾਵੇ ਅਤੇ ਸੰਕਲਿਤ ਸਰਟੀਫਿਕੇਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਡਾਇਰੈਕਟੋਰੇਟ ਨੂੰ ਭੇਜਣਗੇ। ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਇਹਨਾਂ ਹੁਕਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

ਰਜਿਸਟਰਾਰ ਸਿੱਖਿਆ ਵਿਭਾਗ

ਪਿਠ ਅੰਕਣ ਨੰ: ਉਕਤ ਮਿਤੀ ਚੰਡੀਗੜ੍ਹ: 01.04.2011

ਉਤਾਰਾ ਪੰਜਾਬ ਰਾਜ ਦੇ ਸਮੂਹ ਪ੍ਰਿੰਸੀਪਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਲੈਕਚਰਾਰਾਂ ਬਾਰੇ ਰਿਪੋਰਟ ਤੁਰੰਤ ਸਬੰਧਤ ਜਿਲ੍ਹਾ ਸਿੱਖਿਆ ਅਫਸਰ ਰਾਹੀਂ ਭੇਜੀ ਜਾਵੇ।

ਰਜਿਸਟਰਾਰ ਸਿੱਖਿਆ ਵਿਭਾਗ